# ਅਸਾਮੀਆਂ ਦੇ ਅਧਿਕਾਰਾਂ ਦਾ ਖਰੜਾ (ਬਿਲ)

(Client Bill of Rights)

1. ਤੁਹਾਡਾ ਇਹ ਹੱਕ ਹੈ ਕਿ ਤੁਸੀਂ ਸਾਡੇ ਪ੍ਰੋਗਰਾਮਾਂ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰੋ।

2. ਤੁਹਾਡਾ ਇਹ ਹੱਕ ਹੈ ਕਿ ਤੁਸੀਂ ਸਾਡੇ ਪ੍ਰੋਗਰਾਮਾਂ ਵਿੱਚ ਆਪਣੀ ਰਫਤਾਰ, ਅਰਾਮ ਅਤੇ ਸਮਝ ਨਾਲ ਅੱਗੇ ਵਧੋ।

3. ਤੁਹਾਡੀ ਜਾਤ, ਸ਼ਰੀਰਕ ਰੰਗ, ਲਿੰਗ, ਵੱਖਰੀ ਲਿੰਗੀ ਸੋਚ, ਉਮਰ, ਧਰਮ ਜਾਂ ਸੋਚਣੀ ਦੇ ਬਾਵਜੂਦ; ਤੁਹਾਡਾ ਇਹ ਹੱਕ ਹੈ ਕਿ ਸਾਡੇ ਪ੍ਰੋਗਰਾਮਾਂ ਵਿੱਚ ਤੁਹਾਡੇ ਨਾਲ ਸਤਿਕਾਰ ਪੂਰਵਕ ਵਿਵਹਾਰ ਕੀਤਾ ਜਾਵੇ।

4. ਤੁਹਾਡਾ ਇਹ ਹੱਕ ਹੈ ਕਿ ਤੁਹਾਨੂੰ ਤੁਹਾਡੇ ਮਨੁੱਖੀ, ਕਾਨੂੰਨੀ ਅਤੇ ਨਾਗਰਿਕ ਅਧਿਕਾਰਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇ ਅਤੇ ਜੇਕਰ ਇਨ੍ਹਾਂ ਅਧਿਕਾਰਾਂ ਦੀ ਉਲੰਘਣਾ ਹੋਵੇ ਤਾਂ ਤੁਸੀਂ ਇਨ੍ਹਾਂ ਦੇ ਖਿਲਾਫ ਆਪਣੀ ਅਵਾਜ ਚੁੱਕੋਂ।

5. ਤੁਹਾਡਾ ਇਹ ਹੱਕ ਹੈ ਕਿ ਤੁਹਾਨੂੰ ਇਸ ਏਜੰਸੀ ਦੀਆਂ ਉਹਨਾਂ ਪਾਲਿਸੀਆਂ (ਵਿਚਾਰ ਵਿਧੀਆਂ) ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਦਾ ਤੁਹਾਡੇ ਉੱਤੇ ਸਿੱਧਾ ਪ੍ਰਭਾਵ ਪੈਂਦਾ ਹੈ।

6. ਤੁਹਾਡਾ ਇਹ ਹੱਕ ਹੈ ਕਿ ਤੁਹਾਡੇ ਅਤੇ ਤੁਹਾਡੇ ਪਰਵਾਰ ਬਾਰੇ ਕੀਤੇ ਜਾਣ ਵਾਲੇ ਫੈਸਲਿਆਂ ਵਿੱਚ ਤੁਹਾਨੂੰ ਸ਼ਾਮਿਲ ਕੀਤਾ ਜਾਵੇ ਅਤੇ ਉਨ੍ਹਾਂ ਦੀ ਜਾਣਕਾਰੀ ਤੁਹਾਨੂੰ ਬਾਕਾਇਦਾ ਦਿੱਤੀ ਜਾਵੇ।

7. ਤੁਹਾਡਾ ਇਹ ਹੱਕ ਹੈ ਕਿ ਤੁਹਾਡੀ ਨਿਜੀ ਜਾਣਕਾਰੀ ਨੂੰ ਹਿਫਾਜਤ ਨਾਲ ਗੁਪਤ ਰੱਖਿਆ ਜਾਵੇ।

8. ਤੁਹਾਡਾ ਇਹ ਹੱਕ ਹੈ ਕਿ ਜੇਕਰ ਤੁਹਾਨੂੰ ਸਾਡੇ ਪ੍ਰੋਗਰਾਮ ਜਾਂ ਸੇਵਾਵਾਂ ਬਾਰੇ ਕੋਈ ਸ਼ਿਕਾਇਤ ਜਾਂ ਚਿੰਤਾ ਹੈ ਤਾਂ ਤੁਸੀਂ ਉਸ ਦਾ ਪ੍ਰਗਟਾਵਾ ਕਰ ਸਕੋ।

9. ਜੇਕਰ ਤੁਸੀਂ ਸਾਡਾ ਪ੍ਰੋਗਰਾਮ ਛੱਡ ਕੇ ਜਾਣਾ ਚਾਹੁੰਦੇ ਹੋਂ, ਤਾਂ ਤੁਹਾਡਾ ਇਹ ਹੱਕ ਹੈ ਕਿ ਤੁਹਾਨੂੰ ਹੋਰਨਾ ਪ੍ਰੋਗਰਾਮਾਂ ਅਤੇ ਪ੍ਰਸਾਧਨਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

ਤੁਹਾਡੇ ਫੈਮਲੀ ਕਾਂਉਸਲਰ ਤੁਹਾਨੂੰ ਇਨ੍ਹਾਂ ਅਧਿਕਾਰਾਂ ਬਾਰੇ ਵਿਸਥਾਰ ਨਾਲ ਸਮਝਾਉਣਗੇ ਅਤੇ ਦੱਸਣਗੇ ਕਿਵੇਂ ਸੇਵਾਵਾਂ ਪ੍ਰਦਾਨ ਕਰਦੇ ਸਮੇਂ ਏਜੰਸੀ ਤੁਹਾਡੇ ਹੱਕਾਂ ਦੀ ਰੱਖਿਆ ਕਰਦੀ ਹੈ।